ਵਲੋਂ

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ.1,
ਜਲੰਧਰ।

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਜਲੰਧਰ।

ਨੰ. ......1747...... ਮਿਤੀ: ...8/6/18...

ਵਿਸ਼ਾ:- ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ:20.1.2018 ਨੂੰ ਨਕੋਦਰ ਅਤੇ ਸ਼ਾਹਕੋਟ ਦੇ ਕੰਮ ਚੈੱਕ ਕਰਨ ਸਬੰਧੀ।
**(Construction of 6 MLD STP at Nakodar.)**
**(Agency:- M/s Hydrotech Paryaran (India) Pvt. Ltd.)**

ਹਵਾਲਾ:- ਮੁੱਖ ਦਫਤਰ ਦਾ ਪੱਤਰ ਨੰ.ਪਵਸਸਬ-2018/ਕੁ.ਕੰ./2074 ਮਿਤੀ:2.2.2018, ਜੋ ਮੁੱਖ ਇੰਜੀਨੀਅਰ (ਪੱਛਮ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਅੰਮ੍ਰਿਤਸਰ ਜੀ ਦੇ ਪਤੇ 'ਤੇ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ:20.1.2018 ਨੂੰ ਨਕੋਦਰ ਵਿਖੇ ਕੀਤੀ ਗਈ ਇੰਨਸਪੈਕਸ਼ਨ ਦੌਰਾਨ ਕੰਮ ਵਿੱਚ ਜੋ ਖਾਮੀਆਂ/ ਤਰੁੱਟੀਆਂ ਪਾਈਆ ਗਈਆਂ ਸਨ, ਉਨ੍ਹਾਂ ਨੂੰ ਦੂਰ ਕਰਨ ਉਪਰੰਤ ਜੁਆਬ ਪੁਆਇੰਟ-ਵਾਈਜ਼ ਹੇਠ ਲਿਖੇ ਅਨੁਸਾਰ ਹੈ ਜੀ:-

1. ਨਕੋਦਰ ਵਿਖੇ 6 MLD STP ਪਲਾਂਟ ਦੀ ਜੋ ਵੀ ਮਸ਼ੀਨਰੀ ਇਨਸਟਾਲ ਕੀਤੀ ਗਈ ਸੀ, ਉਸ ਨੂੰ automation ਤੇ ਲਿਆਂਦਾ ਜਾ ਚੁੱਕਾ ਹੈ।Boundary wall ਅਤੇ ਰੋਡ ਦਾ ਕੰਮ ਪ੍ਰਗਤੀ ਅਧੀਨ ਹੈ।ਕਲੋਰੀਨੇਸ਼ਨ ਸਿਸਟਮ ਦੇ ਟੋਨਰ ਸੈੱਟ ਸਾਈਟ 'ਤੇ ਮੰਗਵਾ ਲਏ ਗਏ ਹਨ ਅਤੇ ਏਜੰਸੀ ਵਲੋਂ ਇੰਨਸਟਾਲੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ ਅਤੇ sludge centrifuge ਨੂੰ ਓਪਰੇਟ ਕਰਨ ਸਬੰਧੀ ਏਜੰਸੀ ਨੂੰ ਸਖਤ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਜੀ।
2. STP ਦੀ ਰੇਲਿੰਗ ਨੂੰ ਸੈਂਡ ਪੇਪਰ ਨਾਲ ਰਗੜਾਈ ਕਰਵਾ ਕੇ ਰੰਗ ਕਰਵਾ ਦਿੱਤਾ ਗਿਆ ਹੈ ਅਤੇ ਕੰਟਰੋਲ ਪੈਨਲ ਨੂੰ ਰੰਗ ਕਰਵਾਉਣ ਲਈ ਏਜੰਸੀ ਨੂੰ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ ਜੀ।
3. ਜਿਹੜੀ ਮਸ਼ੀਨਰੀ ਸਾਈਟ 'ਤੇ ਲਿਆਂਦੀ ਗਈ ਸੀ, ਉਹ ਇੰਨਸਟਾਲ ਕਰ ਦਿੱਤੀ ਗਈ ਹੈ ਅਤੇ ਇਹ ਮਸ਼ੀਨਰੀ ਏਜੰਸੀ ਨੂੰ ਦਿੱਤੇ ਸਮੇਂ ਵਿੱਚ ਹੀ ਲਿਆਂਦੀ ਗਈ ਸੀ, ਪਰੰਤੂ ਏਜੰਸੀ ਵਲੋਂ ਸਿਵਲ ਵਰਕ ਬਹੁਤ ਧੀਮੀ ਗਤੀ ਨਾਲ ਕੀਤਾ ਜਾ ਰਿਹਾ ਸੀ, ਜਿਸ ਕਾਰਨ ਮਸ਼ੀਨਰੀ ਇੰਨਸਟਾਲ ਕਰਨ ਵਿੱਚ ਦੇਰੀ ਹੋ ਗਈ ਸੀ ਅਤੇ ਇਸ ਸਬੰਧੀ ਏਜੰਸੀ ਨੂੰ under Clause-II ਪੈਨਲਟੀ ਲਗਾ ਦਿੱਤੀ ਗਈ ਸੀ ਜੀ।
4. ਪਲਾਂਟ ਅੰਡਰ ਸਟੈਬੇਲਾਈਜ਼ੇਸ਼ਨ ਹੈ ਅਤੇ ਪਾਣੀ ਟਰੀਟਡ ਵਾਟਰ ਟੈਂਕ ਰਾਹੀਂ ਬਾਹਰ ਭੇਜਣਾ ਸ਼ੁਰੂ ਕਰ ਦਿੱਤਾ ਗਿਆ ਹੈ ਜੀ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਹੈ ਜੀ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ.1,
ਜਲੰਧਰ।

8/6/18